SORT & ROLL
Curbside Collection Program

# ਸਿਟੀ ਆਫ ਐਬਟਸਫੋਰਡ
# ਕਰਬਸਾਈਡ ਕਾਰਟ ਕੁਲੈਕਸ਼ਨ ਗਾਈਡ

**ਲਾਗੂ ਸਮਾਂ-ਸੂਚੀ**
**1 ਜਨਵਰੀ – 31 ਦਸੰਬਰ 2022**




**ENGINEERING & REGIONAL UTILITIES**
604-864-5640 abbotsford.ca/waste


ABBOTSFORD

# ਕੌਂਸਲ ਦਾ ਸੁਨੇਹਾ

ਕੌਸਲ ਦੀ ਤਰਫੋਂ, ਮੈਂ ਤੁਹਾਡਾ ਸਾਰਿਆਂ ਦਾ ਤੁਹਾਡੀ ਸ਼ਮੂਲੀਅਤ ਲਈ ਅਤੇ ਸਾਡੇ ਵਸਨੀਕਾਂ ਵਾਸਤੇ ਕੁਲੈਕਸ਼ਨ ਲਈ ਧੰਨਵਾਦ ਕਰਨਾਂ ਚਾਹੁੰਦਾ ਹਾਂ। ਸਿਟੀ 26,400 ਘਰਾਂ ਨੂੰ ਸੜਕ ਕਿਨਾਰਿਉਂ ਕੂੜਾ ਚੁੱਕਣ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਮੈਂ ਠੋਸ ਕੂੜਾ ਚੁੱਕਣ ਦੇ ਆਪਣੇ ਪ੍ਰੋਗਰਾਮ ਅਤੇ ਸਾਡੀ ਕਮਿਊਨਿਟੀ 'ਚ ਕੂੜ-ਕਬਾੜ ਨੂੰ ਹੋਰਨੀਂ ਪਾਸੀਂ ਮੋੜਨ ਦੀਆਂ ਦਰਾਂ 'ਚ ਜਿਹੜਾ ਫਰਕ ਇਹ ਪ੍ਰੋਗਰਾਮ ਪਾ ਰਿਹਾ ਹੈ, ਉਸ ਬਾਰੇ ਕੁਝ ਦਿਲਚਸਪ ਅੰਕੜੇ ਤੁਹਾਡੇ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ।

- ਪ੍ਰੋਗਰਾਮ ਦੀ ਸ਼ੁਰੂਆਤ ਵਾਸਤੇ 79,000 ਕਾਰਟ ਵੰਡੇ ਗਏ ਸਨ
- ਕਾਰਟਾਂ 'ਚ 6,800 ਅਦਲਾ ਬਦਲੀਆਂ ਕੀਤੀਆਂ ਗਈਆਂ।
- ਕੂੜਾ ਚੁੱਕਣ ਦੇ 1,600 ਪੁਰਾਣੇ ਕੰਟੇਨਰ ਮੁੜ-ਵਰਤੋਂ ਅਤੇ ਰੀ-ਸਾਈਕਲਿੰਗ ਵਾਸਤੇ ਐਬਟਸਫੋਰਡ/ਮਿਸ਼ਨ ਰੀਸਾਈਕਲਿੰਗ ਡਿੱਪੋ 'ਤੇ ਲਿਆਂਦੇ ਗਏ।
- 250 ਪੁਰਾਣੇ ਕੰਟੇਨਰ ਮੁੜ-ਵਰਤੋਂ ਵਾਸਤੇ ਰੱਖ ਲਏ ਗਏ ਅਤੇ 1,350 ਕਮਰਸ਼ੀਅਲ ਰੀਸਾਈਕਲਿੰਗ ਵਾਸਤੇ ਭੇਜ ਦਿੱਤੇ ਗਏ।
- 61% ਤੋਂ ਉੱਪਰ ਘਰ ਮੌਜੂਦਾ ਸਮੇਂ ਆਪਣੇ ਕੂੜਾ ਚੁੱਕੇ ਜਾਣ ਦੀਆਂ ਸਮਾਂ-ਸੂਚੀਆਂ ਵੇਖਣ ਅਤੇ ਰੀਸਾਈਕਲਿੰਗ ਤੇ ਕੂੜ-ਕਬਾੜ ਸੁੱਟਣ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਐਬਟਸਫੋਰਡ ਕਰਬਸਾਈਡ ਕੋਲੈਕਸ਼ਨ ਐਪ ਦੀ ਵਰਤੋਂ ਕਰਦੇ ਹਨ।
- ਕੂੜ-ਕਬਾੜ ਵਸਤਾਂ ਬਾਰੇ ਭਾਲ ਕਰਨ ਵਾਲਾ ਆਨਲਾਈਨ ਸੰਦ ਵੇਸਟ ਵਿਜ਼ਰਡ ਵਸਤਾਂ ਬਾਰੇ ਜਾਣਕਾਰੀ ਭਾਲਣ ਲਈ 50,500 ਤੋਂ ਵੱਧ ਵਾਰੀ ਵਰਤਿਆ ਗਿਆ। ਕੂੜ-ਕਬਾੜ ਵਸਤਾਂ 'ਚੋਂ ਸਭ ਤੋਂ ਉਪਰਲੀਆਂ ਸਨ: ਮਾੜੀ ਹਾਲਤ ਦੇ ਕੱਪੜੇ, ਸ਼ੀਸ਼ੇ ਦੀਆਂ ਬੋਤਲਾਂ ਅਤੇ ਜ਼ਾਰ, ਸਟਾਇਰੋਫੋਮ, ਪੀਜ਼ਾ ਬਕਸੇ ਅਤੇ ਪਲਾਸਟਿਕ ਬੈਗ।
- ਪ੍ਰੋਗਰਾਮ ਦੁਆਰਾ 5,000 ਟੰਨ ਤੋਂ ਵਧੇਰੇ ਰੀਸਾਈਕਲਿੰਗ ਅਤੇ 14,000 ਟੰਨ ਤੋਂ ਵਧੇਰੇ ਕੰਪੋਸਟਯੋਗ ਸਮੱਗਰੀ ਚੁੱਕੀ ਗਈ, ਜਿਸ ਨਾਲ ਸਾਡੀ ਕਮਿਊਨਿਟੀ ਲਈ ਕੂੜੇ ਨੂੰ ਹੋਰਨੀਂ ਪਾਸੀਂ ਮੋੜਨ ਦੀ ਦਰ 65% ਬਣਦੀ ਹੈ।
- ਸਾਡੇ ਸੜਕ ਕਿਨਾਰਿਉਂ ਕੂੜਾ ਚੁੱਕਣ ਦੇ ਪੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਤਕਰੀਬਨ 26,000 ਨਿਵਾਸੀਆਂ ਨੇ **abbotsford.ca/carts** 'ਤੇ ਪਹੁੰਚ ਕੀਤੀ
- 2021 'ਚ ਸਾਡੀ ਕੂੜ-ਕਬਾੜ ਵੱਖ ਵੱਖ ਕਰਨ ਆਨਲਾਈਨ ਗੇਮ ਨੂੰ 14,000 ਤੋਂ ਵੱਧ ਵਾਰ ਖੇਡਿਆ ਗਿਆ।
- ਪੱਤਝੜ ਦੇ ਕੰਪੋਸਟ ਰੂੜੀ ਦੇਣ ਦੇ ਪੋਗਰਾਮ ਦੇ ਇਕ ਹਿੱਸੇ ਵਜੋਂ ਤਕਰੀਬਨ 30,000 ਕਿਲੋਗਰਾਮ ਕੰਪੋਸਟ ਰੂੜੀ ਦਿੱਤੀ ਗਈ।

ਜਿਵੇਂ ਕਿ ਤੁਸੀਂ ਵੇਖਦੇ ਹੋ, ਆਪਣੇ ਕੂੜੇ ਨੂੰ ਘੱਟ ਕਰਨ ਲਈ ਜਿਹੜੀਆਂ ਵੀ ਨਿੱਕੀਆਂ ਚੀਜ਼ਾਂ ਤੁਸੀਂ ਕਰਦੇ ਹੋ, ਉਹ ਜਮਾਂ ਹੋ ਕੇ ਲੈਂਡਫਿੱਲ 'ਚ ਜਾਣ ਵਾਲੇ ਕੂੜ-ਕਬਾੜ ਨੂੰ ਘਟਾਉਂਦੀਆਂ ਹਨ। ਮੈਂ ਹਰ ਇਕ ਨੂੰ ਇਹ ਨਿੱਕੀਆਂ ਨਿੱਕੀਆਂ ਚੀਜ਼ਾਂ ਕਰਨੀਆਂ ਜਾਰੀ ਰੱਖਣ ਲਈ ਉਤਸ਼ਾਹਤ ਕਰਦਾ ਹਾਂ, ਜਿਵੇਂ ਵਸਤਾਂ ਨੂੰ ਚੰਗੀ ਤਰ੍ਹਾਂ ਵੱਖ ਵੱਖ ਕਰਨਾਂ, ਸ਼ਾਪਿੰਗ ਲਈ ਅਪਣੇ ਮੁੜ-ਵਰਤੋਂ ਵਾਲੇ ਥੈਲੇ ਵਰਤਣੇ, ਮੁੜ-ਭਰੀਆਂ ਜਾ ਸਕਣ ਵਾਲੀਆਂ ਪਾਣੀ ਦੀਆਂ ਬੋਤਲਾਂ ਅਤੇ ਕੌਫੀ ਕੱਪ ਵਰਤਣੇ, ਅਤੇ ਜਦੋਂ ਤੁਸੀਂ ਕਰ ਸਕਦੇ ਹੋਵੋ ਤਾਂ ਥੋਕ 'ਚੋਂ ਵਸਤਾਂ ਖਰੀਦਣੀਆਂ। ਮਿਲਕੇ ਕੰਮ ਕਰਦਿਆਂ ਹੋਇਆਂ ਅਸੀਂ ਐਬਟਸਫੋਰਡ ਨੂੰ ਵਧੇਰੇ ਜੀਵਿੰਤ ਅਤੇ ਬਣੀ ਰਹਿਣਯੋਗ ਕਮਿਊਨਿਟੀ ਬਣਾਈ ਰੱਖਣਾ ਜਾਰੀ ਰੱਖ ਸਕਦੇ ਹਾਂ ਅਤੇ 2025 ਤੱਕ ਆਪਣੇ ਕੂੜ-ਕਬਾੜ ਦੇ 90% ਨੂੰ ਰੀਸਾਈਕਲ ਅਤੇ ਕੰਪੋਸਟ ਕਰਨ ਦੇ ਆਪਣੇ ਵਿਜਨ ਦੇ ਨਿਸ਼ਾਨੇ ਨੂੰ ਪੂਰਾ ਕਰ ਸਕਦੇ ਹਾਂ।

ਸਾਡੇ ਨਾਲ ਤੁਰਨ ਵਾਸਤੇ ਫਿਰ ਤੋਂ ਤੁਹਾਡਾ ਧੰਨਵਾਦ!
**ਮੇਅਰ ਹੈਨਰੀ ਬਰਾਊਨ ਅਤੇ ਐਬਟਫੋਰਡ ਸਿਟੀ ਕੌਂਸਲ**

# ਇਸ ਨੂੰ ਸਹੀ ਤਰੀਕੇ ਨਾਲ ਸ਼ੁਰੂ ਕਰੋ

## ਕੂੜ-ਕਬਾੜ ਦੇ ਸਿਲਸਿਲੇ ਨੂੰ ਵੱਖ ਵੱਖ ਸ਼੍ਰੇਣੀਬੱਧ ਕਰਨ 'ਚ ਤੁਹਾਡੀ ਮਦਦ ਕਰਨ ਵਾਲੇ ਲਈ ਸਰੋਤ ਮੌਜੂਦ ਹਨ!

ਅਕਸਰ ਪੁੱਛੇ ਜਾਂਦੇ ਸਵਾਲਾਂ ਸਮੇਤ, ਪ੍ਰੋਗਰਾਮ ਬਾਰੇ ਜਾਣਕਾਰੀ ਲੈਣ, ਕਾਰਟ ਰੱਖਣ ਦੀਆਂ ਵਧੀਕ ਮਿਸਾਲਾਂ ਅਤੇ ਆਪਣੇ ਕਾਰਟਾਂ ਨੂੰ ਵਰਤਣ ਸਬੰਧੀ ਨੁਕਤੇ ਅਤੇ ਟਰਿੱਕਾਂ ਲਈ ਵੇਖੋ **abbotsford.ca/carts**

ਵੇਸਟ ਵਿਜ਼ਾਰਡ ਸਰਚ ਟੂਲਾਂ ਦੀ ਵਰਤੋਂ ਕਰਦਿਆਂ ਜਾਣੋ ਕਿ ਕੀ ਕਿੱਥੇ ਜਾਣਾ ਹੈ: **abbotsford.ca/wastewizard**

ਆਪਣੇ ਸਵਾਲ **waste@abbotsford.ca**'ਤੇ ਈਮੇਲ ਕਰੋ।

**ਕਰਬਸਾਈਡ ਕੁਲੈਕਸ਼ਨ ਹਾਟਲਾਈਨ: 604-864-5640**
ਸ਼ੋਮਵਾਰ ਤੋਂ ਸ਼ੁੱਕਰਵਾਰ, 8 ਵਜੇ ਸਵੇਰ ਤੋਂ 4 ਵਜੇ ਸ਼ਾਮ (ਸਰਕਾਰੀ ਛੁੱਟੀਆਂ ਨੂੰ ਛੱਡ ਕੇ)

- ਸਰਵਿਸ ਬਾਰੇ ਕਿਸੇ ਸਮੱਸਿਆ ਜਾਂ ਕੂੜਾ ਚੁੱਕਣੋਂ ਰਹਿ ਜਾਣ ਦੀ ਰਿਪੋਰਟ ਕਰੋ
- ਨੁਕਸਾਨਗ੍ਰਸਤ ਜਾਂ ਗੁਆਚ ਗਏ ਕਾਰਟ ਦੀ ਰਿਪੋਰਟ ਕਰੋ
- ਨਵੇਂ ਉਸਾਰੇ ਘਰ ਲਈ ਕਾਰਟਾਂ ਵਾਸਤੇ ਬੇਨਤੀ ਕਰੋ
- ਵੱਖਰੇ ਕਾਰਟ ਸਾਈਜ਼ ਜਾਂ ਕਿਸਮ ਲਈ ਬੇਨਤੀ ਕਰੋ
- ਕਾਰਟ ਪ੍ਰੋਗਰਾਮ ਬਾਰੇ ਸਵਾਲ ਪੁੱਛੋ

**ਹੋਰ ਸਰੋਤ**
ਬੀ ਸੀ ਰੀਸਾਈਕਲਿੰਗ ਹਾਟਲਾਈਨ: 1-800-667-4321
ਸੋਮਵਾਰ-ਸ਼ੁੱਕਰਵਾਰ, 9 ਵਜੇ ਸਵੇਰ - 4 ਵਜੇ ਸ਼ਾਮ

ਬੀ ਸੀ ਰੀਸਾਈਕਲਪੇਡੀਆ **rcbc.ca**


## ਸਾਡੇ ਕੋਲ ਉਸ ਲਈ ਐਪਸ ਹਨ!

### ਇਸਨੂੰ ਸੜਕ ਕਿਨਾਰੇ ਸਮੇਂ ਸਿਰ ਰੱਖੋ!

ਕੂੜਾ ਚੁੱਕੇ ਜਾਣ ਦਾ ਦਿਨ ਮੁੜ ਕਦੇ ਨਾ ਖੁੰਝਾਉ! **ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ** ਤੁਹਾਨੂੰ ਤੁਹਾਡੀ ਕੂੜਾ ਚੁੱਕੇ ਜਾਣ ਦੀ ਸਮਾਂ ਸੂਚੀ, ਕੂੜੇ ਵਾਲਾ ਦਿਨ ਯਾਦ ਕਰਾਉਣ ਅਤੇ ਸੇਵਾਵਾਂ ਦੀਆਂ ਚਿਤਾਵਨੀਆਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ।

**@abbotsford** ਸਿਟੀ ਐਪ ਤੁਹਾਡੇ ਸੜਕ ਕਿਨਾਰਉਂ ਕੂੜਾ ਚੁੱਕਣ ਦੇ ਖੁੰਝ ਜਾਣ ਅਤੇ ਕੂੜਾ ਚੁੱਕਣ ਨਾਲ ਸਬੰਧਿਤ ਹੋਰ ਮਸਲਿਆਂ ਦੀ ਰਿਪੋਰਟ ਕਰ ਸਕਦੀ ਹੈ।

Download for FREE today!




ਇਹ ਜਾਣਕਾਰੀ ਬਹੁਤ ਜ਼ਰੂਰੀ ਹੈ। ਕ੍ਰਿਪਾ ਕਰਕੇ ਕਿੱਸੇ ਕੋਲੋਂ ਇਸਦੀ ਟਰਾਂਸਲੇਸ਼ਨ (ਅਨੁਵਾਦ) ਕਰਵਾ ਲਵੋ। ਉਨੁਵਾਦ ਕੀਤੀ ਗਈ ਜਾਣਕਾਰੀ abbotsford.ca/collectionschedule ਤੇ ਉਪਲਬਧ ਹੈ।

# ਕਾਰਟ

## ਸਹੀ ਢੰਗ ਨਾਲ ਅੱਡ ਅੱਡ ਕਰੋ

ਆਪਣੇ ਕੂੜ-ਕਬਾੜ ਨੂੰ ਇਨ੍ਹਾਂ ਸ਼੍ਰੇਣੀਆਂ ‘ਚੋਂ ਇੱਕ ‘ਚ ਅੱਡ ਅੱਡ ਕਰੋ

**ਰੀਸਾਈਕਲਿੰਗ**
ਕੰਟੇਨਰ, ਅਖਬਾਰੀ ਪੈਕੇਜ ਅਤੇ ਪੇਪਰ ਪ੍ਰਾਡਕਟ। **ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।**


**ਕੰਪੋਸਟਯੋਗ**
ਭੋਜਨ ਦੀ ਰਹਿੰਦ-ਖੂੰਹਦ, ਭੋਜਨ ਨਾਲ ਲਿਬੜੇ ਪੇਪਰ ਅਤੇ ਯਾਰਡ ਦੀ ਕਾਂਟ ਛਾਂਟ। **ਹਫ਼ਤੇ ਬਾਦ ਚੁੱਕਿਆ ਜਾਂਦਾ ਹੈ।**

**ਗਾਰਬੇਜ**
ਉਹ ਕੂੜ-ਕਬਾੜ ਜਿਹੜਾ ਕੰਪੋਸਟ ਜਾਂ ਰੀਸਾਈਕਲ ਨਹੀਂ ਕੀਤਾ ਜਾ ਸਕਦਾ। **ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।**

**ਜਾ ਕੇ ਸੁੱਟਣਾ**
ਉਹ ਸਮੱਗਰੀ ਜੋ ਰੀਸਾਈਕਲਿੰਗ ਡਿੱਪੋ, ਟ੍ਰਾਂਸਫਰ ਸਟੇਸ਼ਨ ਜਾਂ ਸੁੱਟਣ ਦੀਆਂ ਹੋਰ ਥਾਵਾਂ ‘ਤੇ ਮਨਜ਼ੂਰ ਕੀਤੀ ਜਾਂਦੀ ਹੈ।

## ਕਾਰਟ ਸਾਈਜ਼ ਅਤੇ ਕਿਸਮਾਂ

ਰੀਸਾਈਕਲਿੰਗ, ਕੰਪੋਸਟ ਅਤੇ ਗਾਰਬੇਜ ਕੁਲੈਕਸ਼ਨ ਲਈ ਕਾਰਟ ਤਿੰਨ ਸਾਈਜ਼ਾਂ ‘ਚ ਉਪਲਬਧ ਹਨ। ਭਾਲੂ-ਨਿਰੋਧਕ ਕਾਰਟਾਂ ਵਾਸਤੇ ਵੀ ਬੇਨਤੀ ਕੀਤੀ ਜਾ ਸਕਦੀ ਹੈ ਪਰ ਉਹ ਕੇਵਲ 240 ਲੀਟਰ ਸਾਈਜ਼ ਵਿੱਚ ਹੀ ਉਪਲਬਧ ਹਨ




ਮੌਜੂਦਾ ਕਾਰਟਾਂ ਨੂੰ ਬਦਲਣ ਦੀਆਂ ਬੇਨਤੀਆਂ ਕਿਸੇ ਪ੍ਰਾਪਰਟੀ ਲਈ ਕਿਸੇ ਵੀ 12 ਮਹੀਨਿਆਂ ਦੇ ਸਮੇਂ ‘ਚ ਕੇਵਲ ਇਕ ਵਾਰ ਮਨਜ਼ੂਰ ਕੀਤੀਆਂ ਜਾਂਦੀਆਂ ਹਨ। ਕਿਰਪਾ ਕਰਕੇ ਨੋਟ ਕਰੋ ਕਿ ਕਾਰਟ ਸਾਈਜ਼, ਗਿਣਤੀ ਜਾਂ ਕਿਸਮ ਤੁਹਾਡੀ ਠੋਸ ਕੂੜ-ਕਬਾੜ ਚੁੱਕਣ ਦੀ ਸਲਾਨਾਂ ਫੀਸ ‘ਤੇ ਅਸਰ ਪਾ ਸਕਦੀ ਹੈ। ਵਧੇਰੇ ਜਾਣਕਾਰੀ ਲਈ **abbotsford.ca/carts** ਵੇਖੋ।

## ਗੁੰਮ ਹੋਏ ਜਾਂ ਨੁਕਸਾਨ ਗ੍ਰਸਤ ਕਾਰਟ

ਬਦਲਵੇਂ ਕਾਰਟ ਲਈ ਬੇਨਤੀ ਕਰਨ ਵਾਸਤੇ ਜਾਂ ਗੁਆਚ ਗਏ ਜਾਂ ਚੋਰੀ ਹੋਏ ਗਏ ਕਾਰਟ ਰਿਪੋਰਟ ਕਰਨ ਵਾਸਤੇ 604-864-5640 ਫੋਨ ਕਰੋ ਜਾਂ **abbotsford.ca/service** ‘ਤੇ ਜਾਓ।

## ਨਵੀਂ ਰਿਹਾਇਸ਼ ‘ਤੇ ਚਲੇ ਜਾਣਾ

ਕਿਰਪਾ ਕਰਕੇ ਉਹ ਕਾਰਟ ਵਰਤੋ ਜੋ ਪਹਿਲਾਂ ਹੀ ਤੁਹਾਡੀ ਪ੍ਰਾਪਰਟੀ ‘ਤੇ ਮੌਜੂਦ ਹਨ। ਜਦੋਂ ਤੁਸੀਂ ਨਵੇਂ ਥਾਂ ਜਾਂਦੇ ਹੋ, ਅਤੇ ਉਥੇ ਕੋਈ ਕਾਰਟ ਨਹੀਂ ਹਨ ਜਾਂ ਤੁਸੀਂ ਨਵੇਂ ਉਸਾਰੇ ਘਰ ਵਿਚ ਜਾਂਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ 604-864-5640 ਜਾਂ **carts@abbotsford.ca** ‘ਤੇ ਸੰਪਰਕ ਕਰੋ।




## ਆਪਣੇ ਕਾਰਟਾਂ ਦਾ ਟਰੈਕ ਰੱਖੋ

**ਆਪਣੇ ਕਾਰਟਾਂ ‘ਤੇ ਆਪਣੇ ਐਡਰੈੱਸ ਵਾਲੇ ਲੇਬਲ ਲਾਓ।** ਦਿੱਤੀ ਗਈ ਚਿੱਟੀ ਥਾਂ ‘ਤੇ ਪੱਕੇ ਮਾਰਕਰ ਨਾਲ ਆਪਣਾ ਐਡਰੈੱਸ ਲਿਖ ਲਉ।
**ਆਪਣਾ ਲੜੀ ਨੰਬਰ ਰਿਕਾਰਡ ਕਰ ਲਉ।** ਤੁਹਾਡੇ ਕਾਰਟਾਂ ਦੇ ਸੱਜੇ ਪਾਸੇ ਇਕ ਲੜੀ ਨੰਬਰ ਮੌਜੂਦ ਹੈ ਜਿਹੜਾ ਤੁਹਾਡੇ ਕੰਟੇਨਰ ਦੀ ਪਛਾਣ ਕਰਨ ਲਈ ਨਿਵੇਕਲਾ ਹੈ। ਇਹ ਨੰਬਰ ਲਿਖ ਕੇ ਆਪਣੇ ਰਿਕਾਰਡ ਵਾਸਤੇ ਰੱਖ ਲਉ।

**ਇਹ ਕਾਰਟ ਸਿਟੀ ਦੀ ਪ੍ਰਾਪਰਟੀ ਹਨ ਅਤੇ ਇਨ੍ਹਾਂ ‘ਤੇ ਤੁਹਾਡੇ ਐਡਰੈੱਸ ਦੀ ਮਾਈਕਰੋ ਚਿੱਪ ਲੱਗੀ ਹੈ।**

## ਕਾਰਟਾਂ ਸਬੰਧੀ ਨੁਕਤੇ

**1 ਤੁਹਾਡੇ ਰੀਸਾਈਕਲਿੰਗ ਵਾਲੇ ਕਾਰਟ ‘ਚ ਪਾਇਆ ਗਿਆ ਹੈ, ਇਹ ਗੱਲ ਫਰਕ ਪਾਉਂਦੀ ਹੈ।**




ਇਸ ‘ਚ ਖਿੱਚੀ ਜਾ ਸਕਣ ਵਾਲੀ ਪਲਾਸਟਿਕ, ਫੋਮ ਪੈਕੇਜਿੰਗ, ਸ਼ੀਸ਼ਾ, ਕਿਤਾਬਾਂ ਜਾਂ ਹੋਰ ਚੀਜ਼ਾਂ ਜੋ ਇਸ ਪ੍ਰੋਗਰਾਮ ‘ਚ ਮਨਜ਼ੂਰ ਨਹੀਂ ਕੀਤੀਆਂ ਜਾਂਦੀਆਂ, ਉਹ ਨਾ ਪਾਉ। ਰੀਸਾਈਕਲਿੰਗ ਵਾਲਾ ਸਹੀ ਸਮਾਨ ਪਾਉਣਾ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡਾ ਕਾਰਟ ਚੁੱਕਿਆ ਜਾਵੇਗਾ।

**2 ਰੀਸਾਈਕਲਿੰਗ ਸਮਾਨ ਬੈਗਾਂ ‘ਚ ਨਾਂ ਬੰਨ੍ਹੋ।**



ਸਾਰੀਆਂ ਵਸਤਾਂ ਤੁਹਾਡੇ ਨੀਲੇ ਰੀਸਾਈਕਲਿੰਗ ਵਾਲੇ ਕਾਰਟ ਦੇ ਅੰਦਰ ਖੁੱਲ੍ਹੀਆਂ ਪਾਈਆਂ ਜਾਣੀਆਂ ਚਾਹੀਦੀਆਂ ਹਨ।

**3 ਕਾਰਡਬੋਰਡ ਬਕਸਿਆਂ ਨੂੰ ਚਪਟੇ ਕਰ ਲਉ।**




**4 ਮਸਲੋ, ਛੋਟਾ ਕਰੋ ਅਤੇ ਦਬਾਉ।**




ਕਾਰਟ ‘ਚ ਪਾਉਣ ਤੋਂ ਪਹਿਲਾਂ ਵਸਤਾਂ ਨੂੰ ਮਸਲ ਲੈਣਾ ਅਤੇ ਜਿੰਨੀਆਂ ਛੋਟੀਆਂ ਕੀਤੀਆਂ ਜਾ ਸਕਦੀਆਂ ਹਨ ਕਰਨ ਨਾਲ, ਤੁਹਾਨੂੰ ਕਾਰਟ ਅੰਦਰ ਵਧੇਰੇ ਸਮੱਗਰੀ ਪਾ ਸਕਣ ‘ਚ ਮਦਦ ਮਿਲੇਗੀ!

**5 ਆਪਣੇ ਕਾਰਟਾਂ ਨੂੰ ਬਹੁਤ ਜ਼ਿਆਦਾ ਨਾ ਭਰੋ!**



ਬਾਹਰ ਡੁੱਲ੍ਹ ਰਹੇ ਕਾਰਟ ਚੁੱਕੇ ਨਹੀਂ ਜਾ ਸਕਦੇ। ਢੱਕਣ ਜ਼ਰੂਰ ਪੂਰੀ ਤਰ੍ਹਾਂ ਬੰਦ ਹੋਇਆ ਹੋਣਾ ਚਾਹੀਦਾ ਹੈ।

**6 ਕੂੜ-ਕਬਾੜ ਹੇਠਾਂ ਨੂੰ ਨਾਂ ਪੈਕ ਕਰੋ।**



ਤੁਹਾਡੇ ਕਾਰਟਾਂ ਦੇ ਅੰਦਰ ਕੱਸ ਕੇ ਪੈਕ ਕੀਤਾ ਕੂੜ-ਕਬਾੜ ਫਸ ਸਕਦਾ ਹੈ ਅਤੇ ਸਹੀ ਤਰ੍ਹਾਂ ਖਾਲੀ ਨਹੀਂ ਹੋ ਸਕਦਾ।

**7 ਆਪਣੀ ਪੈਕਜਿੰਗ ਨੂੰ ਘਟਾਉ।**



ਥੋਕ ‘ਚ ਖਰੀਦਣਾ, ਮੁੜ-ਵਰਤੋਂ ਵਾਲੇ ਕੰਟੇਨਰ ਵਰਤਣਾ, ਘੱਟ ਪੈਕੇਜਿੰਗ ਵਾਲੀਆਂ ਵਸਤਾਂ ਖਰੀਦਣਾ ਅਤੇ ਵਸਤਾਂ ਦੀ ਮੁੜ-ਵਰਤੋਂ ਤੁਹਾਨੂੰ ਉਸ ਸਮੱਗਰੀ ਨੂੰ ਘਟਾਉਣ ‘ਚ ਮਦਦ ਕਰਨਗੇ, ਜਿਹੜੀ ਦਾ ਪ੍ਰਬੰਧਨ ਕਰਨ ਦੀ ਤੁਹਾਨੂੰ ਲੋੜ ਹੈ।

**8 ਇਹ ਜਾਣੋ ਕਿ ਕਿਹੜੀ ਚੀਜ਼ ਕਿੱਥੇ ਜਾਣੀ ਹੈ!**



ਸੈਂਕੜੇ ਵਸਤਾਂ ਬਾਰੇ ਸੁੱਟਣ ਦੀ ਜਾਣਕਾਰੀ ਲੈਣ ਲਈ ਵੇਸਟ ਵਿਜ਼ਰਡ ਵਰਤੋ! ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਰਾਹੀਂ ਵੇਸਟ ਵਿਜ਼ਰਡ ਤੱਕ ਪਹੁੰਚ ਕਰੋ ਜਾਂ **abbotsford.ca/wastewizard** ਵੇਖੋ।

# ਕਾਰਟਾਂ ਦੀ ਵਰਤੋਂ ਕਰਨਾਂ

## 1 ਸਹੀ ਦਿਸ਼ਾ ‘ਚ ਰੱਖੋ




ਕਾਰਟਾਂ ਨੂੰ ਇਸ ਤਰ੍ਹਾਂ ਰੱਖੋ ਕਿ ਢੱਕਣ ਉੱਪਰਲੇ ਤੀਰ ਦੇ ਨਿਸ਼ਾਨ ਸਟਰੀਟ ਵੱਲ ਨੂੰ ਹੋਵੇ ਅਤੇ ਪਹੀਏ ਬੰਨ੍ਹੀਂ ਨਾਲ ਲੱਗੇ ਹੋਣ।

## 2 ਵਿੱਥ ‘ਤੇ ਰੱਖੋ




ਯਕੀਨੀ ਬਣਾਉ ਕਿ ਤੁਹਾਡੇ ਕਾਰਟ ਸਟਰੀਟ ਉਪਰ ਸਹੀ ਤਰੀਕੇ ਨਾਲ ਰੱਖੇ ਹੋਣ ਅਤੇ ਇਕ ਦੂਜੇ ਤੋਂ ਇਕ ਮੀਟਰ ਦੀ ਵਿੱਥ ‘ਤੇ ਹੋਣ। ਹਰੇਕ ਕਾਰਟ ਦੇ ਆਲੇ-ਦੁਆਲੇ ਘੱਟੋ ਘੱਟ **1 ਮੀਟਰ ਦੀ ਥਾਂ** ਵਿਹਲੀ ਹੋਵੇ। ਕਾਰਟ ਪਾਰਕ ਕੀਤੀਆਂ ਕਾਰਾਂ, ਯੂਟਿਲਿਟੀ ਦੇ ਖੰਭਿਆਂ, ਬਾਸਕਟਬਾਲ ਹੂਪਾਂ, ਫੈਂਸ ਆਦਿ ਤੋਂ 1 ਮੀਟਰ ਪਰ੍ਹੇ ਹੋਣ। ਯਕੀਨੀ ਬਣਾਉ ਕਿ ਹਰੇਕ ਕਾਰਟ ਦੇ ਉੱਪਰ ਨੂੰ ਘੱਟੋ ਘੱਟ 3 ਮੀਟਰ ਖਾਲੀ ਜਗ੍ਹਾ ਹੋਵੇ।

## 3 ਇਨ੍ਹਾਂ ਨੂੰ ਹਟਾ ਲਉ



ਕੂੜਾ ਚੁੱਕ ਲਏ ਜਾਣ ਤੋਂ ਬਾਦ ਖਾਲੀ ਕਾਰਟਾਂ ਨੂੰ ਸੜਕ ਕਿਨਾਰਿਉਂ ਹਟਾ ਲਉ ਅਤੇ ਉਨ੍ਹਾਂ ਨੂੰ ਆਪਣੀ ਪ੍ਰਾਪਰਟੀ ‘ਚ ਸੁਰੱਖਿਅਤ ਢੰਗ ਨਾਲ ਸੰਭਾਲ ਲਉ।

### ਫੌਰੀ ਨੁਕਤਾਨ

ਕਾਰਟ ਬਾਹਰ ਰੱਖਣ ਦੀਆਂ ਹੋਰ ਮਿਸਾਲਾਂ ਵਾਸਤੇ **abbotsford.ca/waste** ਵੇਖੋ।



ਕੂੜਾ ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ **ਸਵੇਰੇ 7:00** ਵਜੇ ਤੱਕ ਸੜਕ ਕਿਨਾਰੇ ਸੈੱਟ ਕਰਕੇ ਰੱਖ ਦਿਉ। ਚੁੱਕੇ ਜਾਣ ਦੇ ਦਿਨ ਤੋਂ ਇਕ ਰਾਤ ਪਹਿਲਾਂ ਆਪਣੇ ਕਾਰਟ ਬਾਹਰ ਨਾ ਰੱਖੋ।



# ਕਾਰਟ ਨੂੰ ਬਾਹਰ ਰੱਖਣਾ

ਕੂੜਾ ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ ਸਹੀ ਢੰਗ ਨਾਲ ਸੜਕ ਕਿਨਾਰੇ ਰੱਖਣਾ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਕਾਰਟ ਸੁਰੱਖਿਅਤ ਢੰਗ ਨਾਲ ਅਤੇ ਸਮੇਂ ‘ਤੇ ਚੁੱਕੇ ਜਾ ਸਕਦੇ ਹਨ। ਕਾਰਟਾਂ ਨੂੰ ਰੱਖਣਾ ਬੜਾ ਮਹੱਤਵਪੂਰਨ ਹੈ ਕਿਉਂਕਿ ਟਰੱਕ ਦੀ ਸਵੈਚਲਿਤ ਮਕਾਨੀਕਲ ਆਰਮ ਨੂੰ ਕਾਰਟ ਚੁੱਕਣ ਅਤੇ ਖਾਲੀ ਕਰਨ ਲਈ ਕਾਫੀ ਥਾਂ ਚਾਹੀਦੀ ਹੈ।

**ਕਾਰਟਾਂ ਦਰਮਿਆਨ 1 ਮੀਟਰ (3 ਫੁੱਟ) ਵਿੱਥ ਯਕੀਨੀ ਬਣਾਉ।**
ਬਹੁਤ ਨੇੜੇ ਨੇੜੇ ਰੱਖੇ ਗਏ ਕਾਰਟ ਚੁੱਕੇ ਨਹੀਂ ਜਾ ਸਕਦੇ।

### ਫੌਰੀ ਨੁਕਤਾਨ


ਇਕ ਮੀਟਰ ਵਿੱਥ ਤਕਰੀਬਨ ਬਾਂਹ ਦੀ ਲੰਬਾਈ ਜਿੰਨੀ ਹੈ।








**ਕਾਰਟਾਂ ਅਤੇ ਪਾਰਕ ਕੀਤੀਆਂ ਗੱਡੀਆਂ ਦਰਮਿਆਨ ਘੱਟੋ ਘੱਟ 1 ਮੀਟਰ (3 ਫੁੱਟ) ਵਿੱਥ ਯਕੀਨੀ ਬਣਾਉ।**



**ਯਕੀਨੀ ਬਣਾਉ ਕਿ ਕਾਰਟ ਸਾਈਡਵਾਕ ਜਾਂ ਬਾਈਕ ਲੇਨ ਨੂੰ ਨਾ ਰੋਕਦੇ ਹੋਣ।**
ਸਾਈਡਵਾਕ ਤੇ ਬਾਈਕ ਲੇਨਾਂ ਤੱਕ ਪਹੁੰਚ ਹਰ ਸਮੇਂ ਖੁੱਲ੍ਹੀ ਰੱਖਣ ਦੀ ਲੋੜ ਹੈ।




**ਕਿਸੇ ਵੀ ਬਾਸਕਟਬਾਲ ਹੂਪ, ਯੂਟਿਲਿਟੀ ਦੇ ਖੰਭੇ, ਸਟਰੀਟ ਲਾਈਟ ਦੇ ਖੰਭੇ, ਫੈਂਸ ਆਦਿ ਤੋਂ ਘੱਟੋ ਘੱਟ 1 ਮੀਟਰ (3 ਫੁੱਟ) ਦੀ ਵਿੱਥ ਖੁੱਲ੍ਹੀ ਰੱਖੀ ਜਾਵੇ।** ਬਹੁਤ ਨੇੜੇ ਨੇੜੇ ਰੱਖੇ ਗਏ ਕਾਰਟ ਚੁੱਕੇ ਨਹੀਂ ਜਾ ਸਕਦੇ।






# ਰੀਸਾਈਕਲਿੰਗ

## ਨੀਲੇ ਕਾਰਟਾਂ 'ਚ ਮਨਜ਼ੂਰ ਸਮੱਗਰੀ




## ਨੀਲੇ ਕਾਰਟ 'ਚ ਜੋ ਮਨਜ਼ੂਰ ਨਹੀਂ




### ਫੌਰੀ ਨੁਕਤਾਨ

ਇਹ ਬਹੁਤ ਸਾਰੀਆਂ ਵਸਤਾਂ ਰੀਸਾਈਕਲਿੰਗ ਡਿੱਪੂ ਜਾਂ ਸੁੱਟਣ ਦੀਆਂ ਹੋਰ ਥਾਵਾਂ 'ਤੇ **ਮੁਫਤ** ਰੀਸਾਈਕਲਿੰਗ ਵਾਸਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।

## ਪ੍ਰਦੂਸ਼ਤਤਾ

ਰੀਸਾਇਕਲਿੰਗ ਕਾਰਟ ਵਿਚ ਨਾ-ਮਨਜ਼ੂਰ ਸਮੱਗਰੀ ਪਾਉਣਾ ਰੀਸਾਇਕਲਿੰਗ ਦੇ ਅਮਲ 'ਤੇ ਉਲਟਾ ਅਸਰ ਪਾਵੇਗਾ, ਜਿਸ ਨਾਲ ਘੱਟ ਸਮੱਗਰੀ ਰੀਸਾਇਕਲਿੰਗ ਕੀਤੀ ਜਾ ਸਕੇਗੀ। ਨਾ-ਮਨਜ਼ੂਰ ਸਮੱਗਰੀ ਜਿਵੇਂ ਪਲਾਸਟਿਕ, ਗਾਰਬੇਜ ਅਤੇ ਖਤਰਨਾਕ ਸਮੱਗਰੀ (ਬੈਟਰੀਆਂ, ਪ੍ਰੋਪੇਨ ਕੈਨਿਸਟਰ, ਤਿੱਖਾ ਮੈਡੀਕਲ ਸਮਾਨ/ਸੂਈਆਂ), ਵਰਕਰਾਂ ਲਈ ਅਣਸੁਰੱਖਿਅਤ ਹਾਲਤਾਂ ਪੈਦਾ ਕਰਦੀ, ਅੱਡ ਕਰਨ ਵਾਲੀਆਂ ਮਸ਼ੀਨਾਂ ਦਾ ਨੁਕਸਾਨ ਕਰਦੀ ਅਤੇ ਸਮੱਗਰੀ ਦੀ ਕੁਆਲਿਟੀ ਨੂੰ ਅਤੇ ਉਸਦੀ ਰੀਸਾਇਕਲਿੰਗ ਯੋਗਤਾ ਨੂੰ ਘਟਾਉਂਦੀ ਹੈ। ਇੱਥੋਂ ਤੱਕ ਕਿ ਕੁਝ ਪ੍ਰਾਡਕਟਾਂ ਨਾਲ ਰਹਿ ਜਾਂਦੀ ਪੈਕੇਜਿੰਗ ਵੀ ਪ੍ਰਦੂਸ਼ਤਤਾ 'ਚ ਵਾਧਾ ਕਰਦੀ ਹੈ, ਇਸ ਲਈ ਆਪਣੇ ਕੰਟੇਨਰਾਂ ਨੂੰ ਕਾਰਟ ਵਿਚ ਸੁੱਟਣ ਤੋਂ ਪਹਿਲਾਂ ਥੋੜਾ ਹੰਗਾਲ ਲਉ। ਪ੍ਰਦੂਸ਼ਤਤਾ ਨੂੰ ਘਟਾਉਣਾ ਵਧੇਰੇ ਸਮੱਗਰੀ ਨੂੰ ਰੀਸਾਇਕਲ ਕਰ ਸਕਣ ਅਤੇ ਲੈਂਡਫਿੱਲ 'ਚ ਜਾਣ ਤੋਂ ਬਚਾ ਸਕਣ ਲਈ ਸਹਾਈ ਹੋਵੇਗਾ।

## ਆਪਣੀ ਪ੍ਰਦੂਸ਼ਤਤਾ ਨੂੰ ਘਟਾਉ:

- ਯਕੀਨੀ ਬਣਾਉ ਕਿ ਰੀਸਾਇਕਲਿੰਗ ਸਮਾਨ ਨੀਲੇ ਕਾਰਟ 'ਚ ਪਾਏ ਜਾਣ ਤੋਂ ਪਹਿਲਾਂ ਖਾਲੀ, ਸਾਫ ਅਤੇ ਸੁੱਕਿਆ ਹੋਇਆ ਹੋਵੇ।
- ਆਪਣੇ ਕਾਰਟ 'ਚ ਨੀਲੇ ਬੈਗ ਨਾ ਵਰਤੋ। ਵਸਤਾਂ ਸਿੱਧੀਆਂ ਕਾਰਟ 'ਚ ਸੁੱਟੋ।
- ਭੋਜਨ, ਥਿੰਦੇ ਨਾਲ ਲਿੱਬੜੀਆਂ ਵਸਤਾਂ ਅਤੇ ਤਰਲਾਂ ਨੂੰ ਕਾਰਟ ਵਿਚ ਨਾ ਪਾਉ।
- ਸਮੱਗਰੀ ਨੂੰ ਸਹੀ ਢੰਗ ਨਾਲ ਅੱਡ ਅੱਡ ਕਰ ਲਉ।
- ਜੇਕਰ ਤੁਹਾਨੂੰ ਪੱਕਾ ਪਤਾ ਨਾ ਲੱਗੇ ਕਿ ਕਿਹੜੀ ਚੀਜ਼ ਕਿੱਥੇ ਜਾਣੀ ਚਾਹੀਦੀ ਹੈ ਤਾਂ **abbotsford.ca/wastewizard** ਵੇਖੋ। ਵੇਸਟ ਵਿਜ਼ਾਰਡ ਆਨਲਾਈਨ ਉਪਲਬਧ ਹੈ ਅਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ 'ਤੇ ਮੁਫਤ ਮਿਲਦਾ ਹੈ।

### ਫੌਰੀ ਨੁਕਤਾਨ

**ਕੂੜ-ਕਬਾੜ ਨੂੰ ਸਹੀ ਢੰਗ ਨਾਲ ਅੱਡ ਅੱਡ ਕਰੋ!**
ਜੇਕਰ ਤੁਹਾਡੇ ਰੀਸਾਇਕਲਿੰਗ ਕਾਰਟ ਵਿਚ ਬਹੁਤ ਸਾਰੀ ਗਲਤ ਕਿਸਮ ਦੀ ਸਮੱਗਰੀ ਪਾਈ ਗਈ ਹੈ ਤਾਂ ਹੋ ਸਕਦਾ ਤੁਹਾਡਾ ਕਾਰਟ ਚੁੱਕਿਆ ਨਾ ਜਾਵੇ।

## ਆਪਣੀ ਰੀਸਾਇਕਲ ਯੋਗ ਸਮੱਗਰੀ ਨੂੰ ਤਿਆਰ ਕਰੋ



## ਡਿੱਪੂ ਰੀਸਾਈਕਲਿੰਗ

ਇਹ ਵਸਤਾਂ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਮਨਜ਼ੂਰ ਨਹੀਂ ਕੀਤੀਆਂ ਜਾਂਦੀਆਂ ਅਤੇ ਇਹ ਕਿਸੇ ਰੀਸਾਈਕਲਿੰਗ ਡਿੱਪੋ ਜਾਂ ਸੁੱਟ ਸਕਣ ਵਾਲੀ ਕਿਸੇ ਹੋਰ ਲੁਕੇਸ਼ਨ ‘ਤੇ ਮੁਫਤ ਸੁੱਟੀਆਂ ਜਾ ਸਕਦੀਆਂ ਹਨ। **abbotsford.ca/wastewizard** ‘ਤੇ ਐਬਟਸਫੋਰਡ ‘ਚ ਆਪਣੇ ਨੇੜੇ ਦੇ ਡਿੱਪੂ ਸਥਾਨ ਬਾਰੇ ਭਾਲ ਕਰੋ।






### ਫੌਰੀ ਨੁਕਤਾਨ

ਖਤਰਨਾਕ ਸਮੱਗਰੀ ਜਿਵੇਂ ਬੈਟਰੀਆਂ ਅਤੇ ਪ੍ਰੋਪੇਨ ਟੈਂਕੀਆਂ ਜੇਕਰ ਸੜਕ ਦੇ ਕਿਨਾਰੇ ਵਾਲੇ ਰੀਸਾਈਕਲਿੰਗ ਸਮਾਨ ‘ਚ ਪਾਈਆਂ ਜਾਣ ਤਾਂ ਅੱਗ ਲਗਾ ਸਕਦੀਆਂ ਜਾਂ ਧਮਾਕਾ ਕਰ ਸਕਦੀਆਂ ਹਨ। ਯਕੀਨੀ ਬਣਾਉ ਕਿ ਇਹ ਵਸਤਾਂ **ਹਮੇਸ਼ਾਂ** ਸੁਰੱਖਿਅਤ ਰੂਪ ‘ਚ ਰੀਸਾਈਕਲ ਕੀਤੇ ਜਾਣ ਲਈ ਕਿਸੇ ਡਿੱਪੋ ‘ਤੇ ਲਿਜਾਈਆਂ ਜਾਣ।

# ਕੰਪੋਸਟਯੋਗ ਸਮੱਗਰੀ

## ਹਰੇ ਕਾਰਟਾਂ ‘ਚ ਮਨਜ਼ੂਰ




### ਫੌਰੀ ਨੁਕਤਾਨ

ਆਪਣੇ ਰਸੋਈ ਵਿਚਲੇ ਕੰਟੇਨਰ ਅਤੇ ਹਰੇ ਕਾਰਟ ਨੂੰ ਕਿਵੇਂ ਸਾਫ ਰੱਖਣਾ, ਇਸ ਬਾਰੇ ਨੁਕਤਿਆਂ ਲਈ **abbotsford.ca/carts** ਵੇਖੋ।

## ਹਰੇ ਕਾਰਟਾਂ ‘ਚ ਮਨਜ਼ੂਰ ਨਹੀਂ



# ਕੂੜ-ਕਬਾੜ

### ਫੌਰੀ ਨੁਕਤਾਨ

ਸਾਰੀ ਸਮੱਗਰੀ ਜ਼ਰੂਰੀ ਤੌਰ ‘ਤੇ ਕਾਰਟ ਦੇ ਅੰਦਰ ਪਾ ਕੇ, ਢੱਕਣ ਬੰਦ ਕਰਕੇ ਰੱਖੀ ਜਾਵੇ। ਬਾਹਰ ਡੁੱਲ੍ਹ ਰਹੇ ਕਾਰਟ ਅਤੇ ਕਾਰਟਾਂ ਤੋਂ ਬਾਹਰ ਰੱਖੀ ਗਈ ਸਮੱਗਰੀ ਚੁੱਕੀ ਨਹੀਂ ਜਾਵੇਗੀ।

## ਸੁਰਮੇ ਰੰਗੇ ਕਾਰਟਾਂ ‘ਚ ਮਨਜ਼ੂਰ ਸਮਾਨ




### ਫੌਰੀ ਨੁਕਤਾਨ

ਕਈ ਸਾਰੀਆਂ ਚੀਜ਼ਾਂ ਸੁੱਟ ਦੇਣ ਦੀ ਬਜਾਏ ਮੁੜ-ਵਰਤੋਂ ਜਾਂ ਰੀਸਾਈਕਲ ਵਾਸਤੇ ਲਿਆਂਦੀਆਂ ਜਾਂ ਸਕਦੀਆਂ ਹਨ। ਜਾਂ ਉਹ ਵਸਤਾਂ ਦੋਸਤਾਂ-ਮਿੱਤਰਾਂ ਅਤੇ ਪਰਿਵਾਰ ਨੂੰ ਦੇਣ ਦੀ ਪੇਸ਼ਕਸ਼ ਕਰੋ ਜਾਂ ਫੇਸਬੁੱਕ ਮਾਰਕੀਟਪਲੇਸ, ਕਰੇਗਜ਼ਲਿਸਟ, ਫਰੀਸਾਈਕਲ ਜਾਂ ਕਿਜੀਜੀ ‘ਤੇ ਪਾ ਦਿਉ। ਲੈਂਡਫਿੱਲ ‘ਚ ਜਾਣ ਵਾਲੇ ਕੂੜ-ਕਬਾੜ ਦੀ ਮਾਤਰਾ ਨੂੰ ਘਟਾਉਣ ‘ਚ ਮਦਦ ਕਰਨ ਲਈ ਆਪਣਾ ਹਿੱਸਾ ਅਦਾ ਕਰੋ।

# ਜੰਗਲੀ ਜਾਨਵਰ ਅਤੇ ਕੂੜ-ਕਬਾੜ

## ਜੰਗਲੀ ਜਾਨਵਰਾਂ ਦੇ ਹੁੰਦਿਆਂ ਨਾਲ ਵੱਸਣਾ

ਬਹੁਤ ਸਾਰੇ ਜੰਗਲੀ ਜਾਨਵਰ ਜੋ ਐਬਟਸਫੋਰਡ ‘ਚ ਟੱਕਰਦੇ ਹਨ ਉਨ੍ਹਾਂ ਨੂੰ ਆਪਣਾ ਕੂੜ-ਕਬਾੜ ਅਤੇ ਉਨ੍ਹਾਂ ਨੂੰ ਸੱਦਾ ਦੇਣ ਵਾਲੇ ਹੋਰ ਪਦਾਰਥਾਂ ਨੂੰ ਸਹੀ ਢੰਗ ਨਾਲ ਨਿਪਟਾਉਣ ਦੀ ਆਪਣੀ ਜ਼ਿੰਮੇਵਾਰੀ ਸਮਝਣ ਦੁਆਰਾ ਰੋਕ ਸਕਦੇ ਹਾਂ। ਜੰਗਲੀ ਜੀਵ ਦਿਸਣ ਜਾਂ ਭਾਲੂਆਂ, ਕੂਗਰਾਂ ਅਤੇ ਕਯੋਟੀਆਂ ਦੇ ਟੱਕਰਨ ਦੀ ਕੰਜ਼ਰਵੇਸ਼ਨ ਅਫਸਰ ਸਰਵਿਸ ਦੀ ਰਿਪੋਰਟਿੰਗ ਲਾਈਨ 1-877-952-7277 ‘ਤੇ ਝਟਪਟ ਰਿਪੋਰਟ ਕਰਨੀ ਚਾਹੀਦੀ ਹੈ।

## ਗਾਰਬੇਜ ਅਤੇ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨਾਲ ਕਿਵੇਂ ਨਿਪਟਣਾ ਹੈ

**ਇਸ ਨੂੰ ਘਟਾਉ** – ਗਾਰਬੇਜ ਨਾਲ ਨਿਪਟਣ ਲਈ ਪਹਿਲੀ ਗੱਲ ਕਿ ਇਸਨੂੰ ਬਣਨ ਨਾ ਦਿੱਤਾ ਜਾਵੇ। ਗਾਰਬੇਜ ਅਤੇ ਖਾਧ ਪਦਾਰਥਾਂ ਦੇ ਕੂੜ-ਕਬਾੜ ਦੇ ਪੈਦਾ ਹੋਣ ਨੂੰ ਰੋਕਣ ਨਾਲ ਉਹ ਸਮੱਗਰੀ ਘੱਟ ਕਰਨ ‘ਚ ਮਦਦ ਮਿਲੇਗੀ ਜਿਸ ਨਾਲ ਤੁਹਾਨੂੰ ਨਿਪਟਣਾ ਹੁੰਦਾ ਹੈ।

**ਇਸ ਨੂੰ ਸਟੋਰ ਕਰੋ** – ਕੂੜਾ ਚੁੱਕੇ ਜਾਣ ਦੀ ਸਵੇਰ ਤੋਂ ਪਹਿਲਾਂ ਤੱਕ ਸੜਕ ਕਿਨਾਰੇ ਰੱਖੀ ਜਾਣ ਵਾਲੀ ਸਮੱਗਰੀ ਨੂੰ ਅੰਦਰਵਾਰ ਜਾਂ ਕਿਸੇ ਸੁਰੱਖਿਅਤ ਥਾਂ ‘ਤੇ ਰੱਖੀ ਰੱਖੋ।

**ਇਸਨੂੰ ਜਮਾਅ ਲਉ** – ਮੁਸ਼ਕ ਨੂੰ ਘਟਾਉਣ ‘ਚ ਮਦਦ ਵਾਸਤੇ ਕੂੜਾ ਚੁੱਕੇ ਜਾਣ ਦੇ ਦਿਨ ਤੱਕ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਜਮਾਅ ਲਉ। ਮੁਸ਼ਕ ਅਤੇ ਖਿਲਾਰਾ ਘੱਟ ਕਰਨ ਲਈ ਤੁਸੀਂ ਖਾਧ ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰਾਂ ਜਾਂ ਪੇਪਰ ਬੈਗਾਂ ‘ਚ ਲਪੇਟਣਾ ਵੀ ਟਰਾਈ ਕਰ ਸਕਦੇ ਹੋ।

**ਇਸਨੂੰ ਸਾਫ ਕਰੋ** – ਕੂੜਾ ਚੁੱਕੇ ਜਾਣ ਤੋਂ ਬਾਦ ਹਲਕੇ ਸਾਬਣ ਜਾਂ ਸਿਰਕੇ ਨਾਲ ਕੰਟੇਨਰ ਨੂੰ ਹੰਗਾਲੋ ਜਾਂ ਧੋ ਲਉ। ਇਸ ਨਾਲ ਮੁਸ਼ਕ ਨੂੰ ਘਟਾਉਣ ‘ਚ ਮਦਦ ਮਿਲੇਗੀ।

## ਆਪਣੇ ਵੱਲ ਖਿੱਚਣ ਵਾਲੀਆਂ ਹੋਰ ਚੀਜ਼ਾਂ ਦਾ ਕੀ ਕਰਨਾਂ




### ਫੌਰੀ ਨੁਕਤਾਨ

ਕਮਿਊਨਿਟੀ ਨੂ ਸੁਰੱਖਿਅਤ ਰੱਖਣਾ ਇੱਕ ਸਾਂਝੀ ਜ਼ਿੰਮੇਵਾਰੀ ਹੈ! ਮਨੁੱਖੀ ਅਤੇ ਜੰਗਲੀ ਜਾਨਵਰਾਂ ਦੇ ਟਕਰਾਉ ਨੂੰ ਕਿਵੇਂ ਘਟਾਉਣਾ, ਇਸ ਬਾਰੇ ਜਾਣਕਾਰੀ ਲੈਣ ਲਈ **wildsafebc.ca** ਵੇਖੋ ਜਾਂ **abbotsford.ca/wildlife** ਚੈੱਕ ਕਰੋ।

**2022**
## ਕੁਲੈਕਸ਼ਨ ਕੈਲੰਡਰ:
ਸਿਟੀ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ। ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।


◯ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

☐ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ** ਸਮਾਨ ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

**ਇੰਨਕੁਆਰੀਆਂ ਲਈ:**
ਸਿਟੀ ਕੁਲੈਕਸ਼ਨ
604-864-5640
**waste@abbotsford.ca**




### JANUARY

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### FEBRUARY

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

### MARCH

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### APRIL

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### MAY

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### JUNE

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### JULY

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### AUGUST

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### SEPTEMBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### OCTOBER

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### NOVEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### DECEMBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

ਕੈਲੰਡਰ ਅਤੇ ਕੁਲੈਕਸ਼ਨ ਖੇਤਰ **abbotsford.ca/collectionschedule** 'ਤੇ ਵੇਖੇ ਜਾ ਸਕਦੇ ਹਨ।

**2022**

## ਕੁਲੈਕਸ਼ਨ ਕੈਲੰਡਰ:

ਕਾਂਟਰੈਕਟਰ ਕੁਲੈਕਸ਼ਨ

ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ। ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।


◯ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

☐ **ਰੀਸਾਇਕਲਿੰਗ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ** ਸਮਾਨ ਹਰ ਹਫਤੇ ਚੁੱਕਿਆ ਜਾਂਦਾ ਹੈ।

ਸੁਰਮੇ ਰੰਗੇ ਬਕਸਿਆਂ ਨਾਲ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

**ਇੰਨਕੁਆਰੀਆਂ ਲਈ:**
ਕਾਂਟਰੈਕਟਰ ਕੁਲੈਕਸ਼ਨ
604-864-5640
**waste@abbotsford.ca**




### JANUARY

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### FEBRUARY

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

### MARCH

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### APRIL

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

### MAY

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### JUNE

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### JULY

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### AUGUST

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

### SEPTEMBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

### OCTOBER

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### NOVEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### DECEMBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

ਕੈਲੰਡਰ ਅਤੇ ਕੁਲੈਕਸ਼ਨ ਖੇਤਰ **abbotsford.ca/collectionschedule** 'ਤੇ ਵੇਖੇ ਜਾ ਸਕਦੇ ਹਨ।

# ਵਧੀਕ ਸਮੱਗਰੀ

## ਵਧੀਕ ਸਮੱਗਰੀ

ਵਧੀਕ ਸਮੱਗਰੀ ਹੈ? ਆਪਣੇ ਵਧੀਕ ਰੀਸਾਈਕਲਿੰਗ, ਕੰਪੋਸਟ ਜਾਂ ਗਾਰਬੇਜ ਨਾਲ ਕਿਵੇਂ ਨਿਪਟਣਾ, ਇਸ ਬਾਰੇ ਵਿਕਲਪ ਵੇਖਣ ਲਈ **abbotsford.ca/excesswaste** 'ਤੇ ਜਾਉ

## ਕੂੜਾ ਚੁੱਕਣਾ ਖੁੰਝ ਜਾਣਾ

**ਆਮ ਕਾਰਨ ਕਿ ਤੁਹਾਡਾ ਕੂੜਾ ਕਿਉਂ ਨਹੀਂ ਚੁੱਕਿਆ ਗਿਆ, ਉਹ ਹਨ:**

- ਕਾਰਟ 7:00 ਵਜੇ ਸਵੇਰ ਤੱਕ ਸੜਕ ਕਿਨਾਰੇ ਨਹੀਂ ਸੀ ਰੱਖਿਆ ਗਿਆ
- ਕਾਰਟ ਬਾਹਰ ਡੁੱਲ੍ਹ ਰਿਹਾ ਸੀ ਜਾਂ ਉਸਦਾ ਢੱਕਣ ਬੰਦ ਨਹੀਂ ਸੀ ਕੀਤਾ ਗਿਆ
- ਕੂੜ-ਕਬਾੜ ਕਾਰਟਾਂ ਦੇ ਪੂਰੀ ਤਰ੍ਹਾਂ ਅੰਦਰਵਾਰ ਨਹੀਂ ਸੀ
- ਕਾਰਟ ਤੱਕ ਪਾਰਕ ਕੀਤੀ ਹੋਈ ਕਾਰ, ਯੁਟਿਲਿਟੀ ਦੇ ਖੰਭੇ ਜਾਂ ਹੋਰ ਕਿਸੇ ਰੁਕਾਵਟ ਕਾਰਨ ਪਹੁੰਚ ਰੁਕੀ ਹੋਈ ਸੀ
- ਕਾਰਟ ਕਿਸੇ ਹੋਰ ਕਾਰਟ, ਪਾਰਕ ਕੀਤੀ ਕਾਰ ਜਾਂ ਹੋਰ ਰੁਕਾਵਟ ਦੇ ਬਹੁਤ ਜ਼ਿਆਦਾ ਨੇੜੇ ਰੱਖਿਆ ਗਿਆ ਸੀ
- ਭਾਲੂ-ਰੋਕੂ ਕਾਰਟ ਉੱਪਰਲੇ ਕਲਿੱਪ ਖੋਲ੍ਹੇ ਨਹੀਂ ਸੀ ਗਏ

**ਜੇਕਰ ਉਪਰਲੇ ਕਾਰਨਾਂ 'ਚੋਂ ਕੋਈ ਲਾਗੂ ਨਾ ਹੁੰਦਾ ਹੋਵੇ ਤਾਂ ਤੁਸੀਂ ਹੇਠ ਲਿਖਿਆਂ 'ਚੋਂ ਕਿਸੇ ਵੀ ਤਰੀਕੇ ਨਾਲ ਕੂੜਾ ਚੁੱਕਣ ਦੇ ਖੁੰਝ ਜਾਣ ਦੀ ਰਿਪੋਰਟ ਕਰ ਸਕਦੇ ਹੋ**

- **ਵੈਬਸਾਈਟ: abbotsford.ca/service**
- **ਸਿਟੀ ਸਰਵਿਸਿਜ਼ ਐਪ:** @Abbotsford (ਐਪ ਸਟੋਰ ਅਤੇ ਗੂਗਲ ਪਲੇਅ 'ਤੇ ਉਪਲਬਧ);
- **ਟੈਲੀਫੋਨ:** 604-864-5640

## ਬਰਫਬਾਰੀ ਅਤੇ ਜੰਮੀ ਬਰਫ 'ਚ ਕੂੜਾ ਚੁੱਕਣ ਦੀਆਂ

ਸੇਵਾ ਪ੍ਰਦਾਨ ਕਰਨਾ ਸਾਡੀ ਸਰਵਉੱਚ ਤਰਜੀਹ ਹੈ, ਪਰੰਤੂ ਬਰਫਬਾਰੀ ਅਤੇ ਜੰਮੀ ਬਰਫ ਵਾਲੀਆਂ ਹਾਲਤਾਂ ਦੌਰਾਨ ਸੜਕ ਕਿਨਾਰਿਉਂ ਕੂੜਾ ਚੁੱਕਣ 'ਚ ਵਿਘਨ ਪੈ ਸਕਦਾ ਹੈ। ਜੇਕਰ ਅਜਿਹਾ ਵਾਪਰੇ ਤਾਂ ਕੂੜਾ ਚੁੱਕੇ ਜਾਣ ਨਾਲ ਸਬੰਧਤ ਜਾਣਕਾਰੀ ਵਾਸਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਹੈ। ਇਹ ਐਪ ਕਿਸੇ ਵੀ ਸਮਾਰਟ ਡਿਵਾਈਸ 'ਤੇ ਐਪ ਸਟੋਰ ਜਾਂ ਗੂਗਲ ਪਲੇਅ ਤੋਂ ਮੁਫਤ ਡਾਊਨਲੋਡ ਕੀਤੀ ਜਾ ਸਕਦੀ ਹੈ। ਕੂੜਾ ਚੁੱਕਣ 'ਚ ਕਿਸੇ ਵੀ ਦੇਰੀ ਜਾਂ ਸੇਵਾ ਕੈਂਸਲ ਹੋਣ ਬਾਰੇ ਤਾਜ਼ਾ ਐਡਵਾਇਜ਼ਰੀ ਸਿਟੀ ਦੇ ਵੈਬਸਾਈਟ **abbotsford.ca** 'ਤੇ ਵੀ ਪਾਈ ਜਾਂਦੀ ਹੈ।

## ਛੁੱਟੀਆਂ ਦਾ ਕੂੜ-ਕਬਾੜ ਘਟਾਉਣਾ

ਮੌਸਮੀ ਛੁੱਟੀਆਂ ਜਿਵੇਂ ਕਿ ਹੈਲੋਵੀਨ ਜਾਂ ਕ੍ਰਿਸਮਿਸ ਭਾਵੇਂ ਮੌਜ ਮੇਲਾ ਅਤੇ ਆਨੰਦ ਲਿਆਉਂਦੀਆਂ ਹਨ ਪਰੰਤੂ ਇਹ ਕੂੜ-ਕਬਾੜ ਦੀ ਵੱਡੀ ਮਾਤਰਾ ਵੀ ਪੈਦਾ ਕਰਦੀਆਂ ਹਨ। ਖੁਣੇ ਹੋਏ ਹਲਵਾ ਕੱਦੂਆਂ ਤੋਂ ਲੈ ਕੇ ਲਪੇਟਣ ਵਾਲੇ ਪੇਪਰਾਂ ਤੱਕ ਬਾਰੇ ਇਹ ਸਿੱਖੋ ਕਿ ਛੁੱਟੀਆਂ ਦੀ ਰੁੱਤ ਦੌਰਾਨ ਕੂੜ-ਕਬਾੜ ਨੂੰ ਕਿਵੇਂ ਘਟਾਉਣਾ ਹੈ।

**abbotsford.ca/reducewaste** 'ਤੇ ਜਾ ਕੇ ਕੂੜ-ਕਬਾੜ ਘਟਾਉਣ ਬਾਰੇ ਨੁਕਤੇ ਪ੍ਰਾਪਤ ਕਰੋ।

## ਕੂੜ-ਕਬਾੜ ਸੁੱਟਣ ਦੀਆਂ ਥਾਵਾਂ

ਰੀਸਾਈਕਲਿੰਗ ਡਿੱਪੂਆਂ ਦੀ ਅੱਪਡੇਟ ਕੀਤੀ ਲਿਸਟ ਅਤੇ ਕੀ ਕਿੱਥੇ ਜਾਂਦਾ ਹੈ, ਵੇਖਣ ਲਈ **abbotsford.ca/wastewizard** 'ਤੇ ਜਾਉ।

### ਰੀਸਾਈਕਲਿੰਗ ਡਿੱਪੋ

**ਐਬਟਸਫੋਰਡ ਮਿਸ਼ਨ ਰੀਸਾਈਕਲਿੰਗ ਡਿੱਪੋ (AMRD)**
33670 ਵੈਲੀ ਰੋਡ
604-850-3551

**ਆਰ ਐਂਡ ਟੀ ਰੀਸਾਈਕਲੇਬਲਜ਼ ਐਂਡ ਬੋਤਲ ਡਿੱਪੋ**
Unit 23 – 31550 ਸਾਊਥ ਫਰੇਜ਼ਰ ਵੇਅ
604-852-6092

**ਐਬਰਡੀਨ ਰੀਸਾਈਕਲਿੰਗ ਸੈਂਟਰੋ**
28789 ਫਰੇਜ਼ਰ ਹਾਈਵੇਅ
604-857-8808

**ਰਿਜਨਲ ਰੀਸਾਈਕਲਿੰਗ ਐਬਟਸਫੋਰਡ**
750 ਰਿਵਰਸਾਈਡ ਰੋਡ
1-855-701-7171

**ਐਲਡਰਗਰੋਵ ਰਿਟਰਨ-ਇਟ ਡਿੱਪੋ**
27482 ਫਰੇਜ਼ਰ ਹਾਈਵੇਅ
604-856-2992

### ਯਾਰਡ ਵੇਸਟ ਡਰਾਪ-ਆਫੋ

**ਨੋਟ:** ਸਮਾਂ ਅਤੇ ਰੇਟ ਜਾਣਨ ਲਈ ਕਿਰਪਾ ਕਰਕੇ ਕੰਪੋਸਟ ਕਰਨ ਵਾਲੀ ਫੈਸਿਲਿਟੀ ਨਾਲ ਸੰਪਰਕ ਕਰੋ।ਯਾਰਡ ਵੇਸਟ ਕੂਪਨ ਇਸ ਫੈਸਿਲਿਟੀ 'ਤੇ ਮਨਜ਼ੂਰ ਕੀਤੇ ਜਾਂਦੇ ਹਨ।

**ਨੈੱਟ ਜ਼ੀਰੋ ਵੇਸਟ ਐਬਟਸਫੋਰਡ**
5050 ਗਲੈਡਵਿਨ ਰੋਡ
604-557-7065

### ਟ੍ਰਾਂਸਫਰ ਸਟੇਸ਼ਨ

**ਨੋਟ:** ਸਮਾਂ ਅਤੇ ਸੁੱਟ ਸਕਣ ਦੇ ਰੇਟਾਂ ਬਾਰੇ ਪੁਸ਼ਟੀ ਲਈ ਟ੍ਰਾਂਸਫਰ ਸਟੇਸ਼ਨ ਨਾਲ ਸੰਪਰਕ ਕਰੋ।

**ਜੀ ਐੱਫ ਐੱਲ ਐਨਵਾਇਰਨਮੈਂਟਲ ਟ੍ਰਾਂਸਫਰ ਸਟੇਸ਼ਨ**
34613 ਵਾਈ ਰੋਡ
604-854-0095

**ਵੇਸਟ ਕੁਨੈਕਸ਼ਨਜ਼ ਆਫ ਕੈਨੇਡਾ ਟ੍ਰਾਂਸਫਰ ਸਟੇਸ਼ਨ**
34321 ਇੰਡਸਟ੍ਰੀਅਲ ਵੇਅ
604-864-2722

ਕੂੜਾ ਚੁੱਕੇ ਜਾਣ ਦਾ ਦਿਨ ਕਦੇ ਨਾ ਖੁੰਝਾਉ! ਕੂੜਾ ਚੁੱਕੇ ਜਾਣ ਦੇ ਦਿਨਾਂ ਨੂੰ ਯਾਦ ਕਰਵਾਉਣ ਅਤੇ ਸਰਵਿਸ ਬਾਰੇ ਚੌਂਕਸੀਆਂ ਲਈ **ਐਬਟਸਫੋਰਡ ਕਰਬਸਾਈਡ ਕੁਲੈਕਸ਼ਨ** ਐਪ ਮੁਫਤ ਡਾਊਨਲੋਡ ਕਰੋ।

**abbotsford.ca/waste**

ABBOTSFORD


**CITY OF ABBOTSFORD**
32315 South Fraser Way
Abbotsford, BC V2T 1W7

**ENGINEERING & REGIONAL UTILITIES**
604-864-5640 abbotsford.ca/waste